**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਐਸ.ਏ.ਐਸ ਨਗਰ**
**(ਅਮਲਾ-2 ਸ਼ਾਖਾ)**

**ਨੋਟਿਸ** ਮਿਤੀ: 21.02.2020

1.0 ਸਿੱਖਿਆ ਵਿਭਾਗ ਪੰਜਾਬ ਵੱਲੋਂ 873 ਡੀ.ਪੀ.ਈ ਹੁਣ ਫਿਜੀਕਲ ਐਜੂਕੇਸ਼ਨ ਮਾਸਟਰ ਅਤੇ 74 ਲੈਕਚਰਾਰ (ਫਿਜੀਕਲ ਐਜੂਕੇਸ਼ਨ) ਕਾਡਰ ਭਰਤੀ ਦੇ ਯੋਗ ਉਮੀਦਵਾਰਾਂ ਨੂੰ ਭਰਤੀ ਡਾਇਰੈਕਟੋਰੇਟ ਸਿੱਖਿਆ ਬੋਰਡ ਵੱਲੋਂ ਮਿਤੀ 17.02.2020 ਨੂੰ ਜਾਰੀ ਸਿਲੈਕਸ਼ਨ ਸੂਚੀ ਦੇ ਅਧਾਰ ਤੇ ਮਿਤੀ 20.02.2020 ਨੂੰ ਪੇਸ਼ਕਸ਼ ਪੱਤਰ ਜਾਰੀ ਕਰਦੇ ਹੋਏ ਸਬੰਧਤ ਜਿਲ੍ਹਾ ਸਿਵਲ ਸਰਜਨ ਤੋਂ ਮੈਡੀਕਲ ਕਰਵਾਉਣ ਲਈ ਲਿਖਿਆ ਗਿਆ ਸੀ।

**2.0** ਇਨ੍ਹਾਂ ਯੋਗ ਉਮੀਦਵਾਰਾਂ ਦੀ 'Induction Training-cum-Residential workshop' ਮਿਤੀ 21.02.2020 ਤੋਂ 08.03.2020 ਤੱਕ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਵਿਖੇ ਮਿਤੀ 21.02.2020 ਤੋਂ 08.03.2020 ਤੱਕ ਲਗਾਈ ਗਈ ਹੈ।

**3.0** ਉਕਤ ਦੇ ਮੱਦੇਨਜਰ ਯੋਗ ਉਮੀਦਵਾਰਾਂ ਦੇ ਮੈਡੀਕਲ ਨਿਰੀਖਣ ਦੇ ਮਾਮਲੇ ਨੂੰ ਸਿਹਤ ਵਿਭਾਗ, ਪੰਜਾਬ ਸਰਕਾਰ ਨਾਲ ਵਿਚਾਰ ਕਰਨ ਉਪਰੰਤ ਵਿਭਾਗ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਸਾਰੇ ਹੀ ਯੋਗ ਉਮੀਦਵਾਰਾਂ ਦਾ ਮੈਡੀਕਲ ਨਿਰੀਖਣ ਸਿਵਲ ਸਰਜਨ, ਫਤਿਹਗੜ੍ਹ ਸਾਹਿਬ ਵਿਖੇ ਹੀ ਕੀਤਾ ਜਾਵੇ।

**4.0** **ਉਕਤ ਫੈਸਲੇ ਅਨੁਸਾਰ ਸਾਰੇ ਯੋਗ ਉਮੀਦਵਾਰਾਂ ਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣਾ ਮੈਡੀਕਲ ਨਿਰੀਖਣ ਸਿਵਲ ਸਰਜਨ, ਫਤਿਹਗੜ੍ਹ ਸਾਹਿਬ ਤੋਂ ਹੀ ਕਰਵਾ ਲੈਣ।**

**ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ**

Scanned by CamScanner